Tender Heart High school Sec- 33 B chd

Class-10

Topic- ਚੰਦਰੋਆ (ਕਹਾਣੀ)

Teacher- Ramandeep Kaur

(Revision)

ਵਿਦਿਆਰਥੀਓ ਇਸ ਹਫਤੇ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਚੰਦਰੋਆ' ਦੀ ਦੁਹਰਾਈ ਕਰਾਂਗੇ। ਤੁਸੀਂ ਇਸ ਕਹਾਣੀ ਨੂੰ ਘੱਟੋ-ਘੱਟ 2 ਵਾਰ ਪੜ੍ਹਨਾ ਹੈ ਅਤੇ ਇਸਦੇ ਵਿਸ਼ੇ ਨੂੰ ਸਮਝਣਾ ਹੈ। ਪੁੱਛੇ ਗਏ ਪ੍ਰਸ਼ਨ ਤੁਸੀਂ ਆਪ ਹਲ ਕਰਨੇ ਹਨ।

"ਮੈਨੂੰ ਤੇ ਜੀ ਆਪ ਚਿੰਤਾ ਲੱਗੀ ਹੋਈ ਏ। ਭੈੜੇ ਪੀਚਰਾਂ ਨੇ ਧਰਮ ਦਾ ਸਤਿਆਨਾਸ ਕਰ ਛੱਡਿਐ। ਵਿਚਾਰੇ ਖੁਸ਼ੀਏ ਨੂੰ ਦੂਜੀ ਵਾਰ ਸਾਫ ਕਰਨਾ ਪਿਐ।"

(i) ਉਪਰੋਕਤ ਸ਼ਬਦ ਕਿਸਨੇ ਕਿਸਨੂੰ ਕਹੇ?

(ii) ਕਿਹੜੇ ਪਾਤਰ ਨੂੰ ਕਿਸ ਗਲ ਦੀ ਚਿੰਤਾ ਹੈ?

(iii) ਭੈੜੇ ਪੀਚਰ ਕਿਹਨਾਂ ਨੂੰ ਕਿਹਾ ਗਿਆ ਹੈ ਤੇ ਕਿਉਂ?

(iv) ਇਹਨਾਂ ਸ਼ਬਦਾਂ ਤੋਂ ਦੱਸੋ ਕਿ ਇਹ ਸ਼ਬਦ ਬੋਲਣ ਵਾਲਾ ਕਿਹੋ ਜਿਹੇ ਸੁਭਾਅ ਦਾ ਮਾਲਕ ਹੈ?

(v) ਉਪਰੋਕਤ ਕਹਾਣੀ ਦਾ ਉਦੇਸ਼ ਕੀ ਹੈ?

(vi) ਕਹਾਣੀ ਦੇ ਮੁੱਖ ਪਾਤਰ ਬਾਰੇ ਦੱਸੋ।

(vii) ਕਹਾਣੀ ਦੇ ਅੰਤ ਵਿੱਚ ਕੀ ਹੁੰਦਾ ਹੈ?

Class-10 Teacher- Ramandeep Kaur

Topic- ਮੁਹਾਵਰੇ (Revision)

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਵਿਆਕਰਣ ਭਾਗ ਵਿੱਚੋਂ ਮੁਹਾਵਰਿਆਂ ਦੀ ਦੁਹਰਾਈ ਕਰਾਂਗੇ। ਇਹਨਾਂ ਦਾ [illegible]

ਇਸ ਹਫਤੇ ਅਸੀਂ ਵਾਕ ਸਹਿਤ ਮੁਹਾਵਰੇ ਵਿਚਾਰਾਂਗੇ। ਇਹਨਾਂ ਮੁਹਾਵਰਿਆਂ ਵਿੱਚ ਕੁਝ ਅਜਿਹੇ ਹਨ ਜਿਹੜੇ ਤੁਹਾਡੀ ਵਿਆਕਰਣ ਪੁਸਤਕ ਵਿੱਚ ਦਰਜ ਨਹੀਂ ਹਨ। ਸੋ ਤੁਸੀਂ ਇਹਨਾਂ ਨੂੰ ਧਿਆਨ ਨਾਲ ਪੜ੍ਹਨਾ ਹੈ ਅਤੇ ਸਮਝਣਾ ਹੈ।

ਆਓ ਮੁਹਾਵਰੇ ਵਿਚਾਰੀਏ।

**ਵੱਡਾ ਜਿਗਰਾ ਕਰਨਾ** (*ਦੁੱਖ ਦੀ ਰਤਾ ਪ੍ਰਵਾਹ ਨਾ ਕਰਨਾ*)–ਨੌਜਵਾਨ ਪੁੱਤਰ ਦੀ ਮੌਤ ਹੋਣ ਦੇ ਬਾਵਜੂਦ ਹਰਭਜਨ ਨੇ ਵੱਡਾ ਜਿਗਰਾ ਕੀਤੀ ਰੱਖਿਆ

**ਵਾਲ਼ ਦੀ ਖੱਲ ਲਾਹੁਣਾ** (*ਬਰੀਕੀ ਵਿੱਚ ਜਾਣਾ*)–ਤੂੰ ਤਾਂ ਯਾਰ! ਹਰ ਗੱਲ ਤੇ ਬਹਿਸ ਵਿੱਚ ਪੈ ਜਾਂਦਾ ਹੈਂ ਕਿਉਂਕਿ ਤੈਨੂੰ ਤਾਂ ਵਾਲ਼ ਦੀ ਖੱਲ ਲਾਹੁਣ ਦੀ ਆਦਤ ਹੈ।

**'ਵਾ ਵਗ ਜਾਣੀ** (*ਬੁਰੇ ਵਿਚਾਰਾਂ ਦਾ ਪ੍ਰਭਾਵ ਹੋਣਾ*)–ਪਤਾ ਨਹੀਂ, ਕਿਹੀ 'ਵਾ ਵਗ ਗਈ ਹੈ, ਅੱਜ-ਕੱਲ੍ਹ ਦੀ ਔਲਾਦ ਆਖੇ ਹੀ ਨਹੀਂ ਲੱਗਦੀ।

**ਵਾਲ ਵਿੰਗਾ ਨਾ ਹੋਣਾ** (*ਜ਼ਰਾ ਵੀ ਨੁਕਸਾਨ ਨਾ ਹੋਣਾ*)–ਐਕਸੀਡੈਂਟ ਵਿੱਚ ਛੋਟੇ ਬੱਚੇ ਦਾ ਵਾਲ ਵੀ ਵਿੰਗਾ ਨਾ ਹੋਇਆ। [ICSE - 2017]

**ਵੱਟ ਖਾਣਾ** (*ਗੁੱਸਾ ਕਰਨਾ*)–ਸੁਰੇਸ਼ ਬਹੁਤ ਗੁਸੈਲਾ ਹੈ ਉਹ ਛੋਟੀ-ਛੋਟੀ ਗੱਲ ਤੇ ਵੱਟ ਖਾ ਜਾਂਦਾ ਹੈ।

**ਵੱਢਿਆਂ ਰੂਹ ਨਾ ਕਰਨਾ** (*ਕੰਮ ਕਰਨ ਨੂੰ ਜੀਅ ਨਾ ਕਰਨਾ*)–ਬਿਮਾਰੀ ਦੇ ਕਾਰਨ ਮੇਰਾ ਕਿਸੇ ਕੰਮ ਕਰਨ ਨੂੰ ਵੱਢਿਆਂ ਰੂਹ ਨਹੀਂ ਕਰਦਾ।

**ਵਲ-ਛਲ ਕਰਨਾ** (*ਧੋਖਾ ਦੇਣਾ*)–ਵਪਾਰ ਵਿੱਚ ਵਲ਼-ਛਲ਼ ਕਰਨ ਵਾਲਾ ਦੁਕਾਨਦਾਰ ਕਦੇ ਸਫ਼ਲ ਨਹੀਂ ਹੁੰਦਾ।

**ਵਾਹ ਲਾਉਣੀ** (*ਪੂਰੀ ਕੋਸ਼ਿਸ਼ ਕਰਨੀ*)–ਨੇਤਾ ਨੇ ਚੋਣ ਜਿੱਤਣ ਲਈ ਪੂਰੀ ਵਾਹ ਲਾਈ ਪਰ ਅਸਫ਼ਲ ਰਿਹਾ।

**ਵਢੂੰ ਖਾਊਂ ਕਰਨਾ** (*ਹਰ ਵੇਲੇ ਲੜਦੇ ਰਹਿਣਾ*)–ਰਮੇਸ਼ ਸੜੀਅਲ ਸੁਭਾਅ ਦਾ ਹੈ ਉਹ ਹਰ ਵੇਲੇ ਸਭ ਨੂੰ ਵਢੂੰ ਖਾਊਂ ਕਰਦਾ ਰਹਿੰਦਾ ਹੈ।

**ਵਾਸਤੇ ਪਾਉਣੇ** (*ਤਰਲੇ ਕਰਨੇ*)–ਪਿਤਾ ਨੇ ਪੁੱਤਰ ਦੀ ਨੌਕਰੀ ਲਈ ਅਫ਼ਸਰ ਅੱਗੇ ਵਾਸਤੇ ਪਾਏ ਪਰ ਕੋਈ ਲਾਭ ਨਾ ਹੋਇਆ।

**ਵਾਲ਼-ਵਾਲ਼ ਬਚਣਾ** (*ਮੌਤ ਦੇ ਮੂੰਹੋਂ ਬਚਣਾ*)–ਜਿਸ ਆਦਮੀ ਤੇ ਈਸ਼ਵਰ ਦਾ ਹੱਥ ਹੋਵੇ ਉਹ ਹਰ ਮੁਸੀਬਤ ਵਿੱਚੋਂ ਵਾਲ਼-ਵਾਲ਼ ਬਚ ਜਾਂਦਾ ਹੈ।

**ਵਕਤ ਨੂੰ ਧੱਕਾ ਦੇਣਾ** (*ਔਖੇ-ਸੌਖੇ ਹੋ ਕੇ ਸਮਾਂ ਕੱਢਣਾ*)–ਵੱਧਦੀ ਮਹਿੰਗਾਈ ਦੇ ਕਾਰਨ ਗ਼ਰੀਬ ਤਾਂ ਕੇਵਲ ਵਕਤ ਨੂੰ ਹੀ ਧੱਕਾ ਦੇ ਰਹੇ ਹਨ।

**ਵਿੱਸ ਘੋਲਣਾ** (*ਦਿਲ ਵਿੱਚ ਕੁੜ੍ਹਨਾ*)–ਕਮਜ਼ੋਰ ਵਿਅਕਤੀ ਮਨ ਵਿੱਚ ਵਿਸ ਘੋਲਦੇ ਰਹਿੰਦੇ ਹਨ ਉਹ ਕਰ ਕੁਝ ਨਹੀਂ ਸਕਦੇ।

**ਵਾਛਾਂ ਖਿੜ ਜਾਣਾ** (*ਖ਼ੁਸ਼ ਹੋ ਜਾਣਾ*)–ਜਦ ਬੱਚਿਆਂ ਨੂੰ ਮੇਲੇ ਵਿੱਚ ਖਰਚਣ ਲਈ ਪੈਸੇ ਮਿਲ ਗਏ ਤਾਂ ਉਹਨਾਂ ਦੀਆਂ ਵਾਛਾਂ ਖਿੜ ਗਈਆਂ।

Class - 10
Topic - ਮੁਹਾਵਰੇ

Teacher - Ramandeep Kaur
(Revision)

**ਮੁੱਛ ਫੁੱਟਣੀ** (*ਗੱਭਰੂ ਹੋਣਾ*)–ਆਪਣੇ ਮੁੰਡੇ ਦੇ ਮੂੰਹ ਤੇ ਮੁੱਛ ਫੁੱਟਦੀ ਵੇਖ ਕੇ ਰਮੇਸ਼ ਦੀ ਮਾਂ ਬਹੁਤ ਖ਼ੁਸ਼ ਹੋਈ।

**ਮੱਖੀ ਤੇ ਮੱਖੀ ਮਾਰਨੀ** (*ਅੰਨੇ-ਵਾਹ ਨਕਲ ਕਰਨੀ*)–ਕਦੇ ਮੱਖੀ ਤੇ ਮੱਖੀ ਨਾ ਮਾਰੋ ਸਗੋਂ ਆਪਣੀ ਅਕਲ ਦੀ ਵਰਤੋਂ ਕਰਕੇ ਸਫ਼ਲਤਾ ਪ੍ਰਾ

**ਮੱਖੀਆਂ ਮਾਰਨੀਆਂ** (*ਵਿਹਲੇ ਰਹਿਣਾ*)–ਸੁਰੇਸ਼ ਪੜ੍ਹ-ਲਿਖ ਕੇ ਵੀ ਸਾਰਾ ਦਿਨ ਮੱਖੀਆਂ ਮਾਰਦਾ ਰਹਿੰਦਾ ਹੈ।

**ਮੱਥਾ ਲਾਉਣਾ** (*ਲੜਾਈ ਕਰਨਾ*)–ਸੰਤੀ ਹਰ ਵੇਲੇ ਕਿਸੇ ਨਾ ਕਿਸੇ ਨਾਲ ਮੱਥਾ ਲਾਈ ਰੱਖਦੀ ਹੈ।

**ਮਰਨ ਦੀ ਵਿਹਲ ਨਾ ਮਿਲਣੀ** (*ਬਹੁਤ ਰੁੱਝੇ ਰਹਿਣਾ*)–ਅੱਜ-ਕੱਲ੍ਹ ਸੁੰਦਰ ਨੂੰ ਮਰਨ ਦੀ ਵਿਹਲ ਹੀ ਨਹੀਂ। ਉਹ ਬਹੁਤ ਰੁੱਝਿਆ ਹੋਇਆ

**ਮਿੱਟੀ ਪੁੱਟਣੀ** (*ਬਦਨਾਮੀ ਕਰਨੀ*)–ਆਪਣੇ ਮੁਹੱਲੇ ਵਿੱਚ ਚੋਰੀ ਕਰਕੇ ਸੁਦੇਸ਼ ਨੇ ਆਪਣੀ ਮਿੱਟੀ ਪੁੱਟ ਲਈ।

**ਮੁੱਠੀ ਗਰਮ ਕਰਨੀ** (*ਰਿਸ਼ਵਤ ਦੇਣੀ*)–ਸਰਕਾਰੀ ਦਫ਼ਤਰਾਂ ਵਿੱਚ ਮੁੱਠੀ ਗਰਮ ਕੀਤੇ ਬਿਨ੍ਹਾਂ ਕੋਈ ਕੰਮ ਨਹੀਂ ਹੁੰਦਾ।

**ਮੂੰਹ ਕਾਲਾ ਹੋਣਾ** (*ਬਦਨਾਮੀ ਹੋਣੀ*)–ਰਾਮ ਨੂੰ ਚੋਰੀ ਕਰਦਿਆਂ ਫੜ ਕੇ ਪਿੰਡ ਵਾਲਿਆਂ ਨੇ ਉਸ ਦਾ ਮੂੰਹ ਕਾਲਾ ਕਰ ਦਿੱਤਾ।

**ਮੌਤ ਦੇ ਘਾਟ ਉਤਾਰਨਾ** (*ਜਾਨੋਂ ਮਾਰ ਦੇਣਾ*)–ਅੱਤਵਾਦੀਆਂ ਨੇ ਨਿਰਦੋਸ਼ ਆਦਮੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

**ਮਾਤ ਦੇਣਾ** (*ਹਰਾ ਦੇਣਾ*)–ਭਾਰਤ ਨੇ ਕ੍ਰਿਕਟ ਵਿੱਚ ਦੱਖਣੀ ਅਫ਼ਰੀਕਾ ਨੂੰ ਮਾਤ ਦੇ ਦਿੱਤੀ।

**ਮੂੰਹ ਤੋਂ ਲੋਈ ਲਾਹੁਣੀ** (*ਬੇਸ਼ਰਮ ਹੋ ਜਾਣਾ*)–ਜਦ ਮੂੰਹ ਤੋਂ ਲੋਈ ਹੀ ਲਾਹ ਲਈ ਤਾਂ ਕੀ ਕਰੇਗਾ ਕੋਈ।

**ਮੁੱਠ ਵਿੱਚ ਕਰਨਾ** (*ਆਪਣੇ ਵੱਲ ਕਰਨਾ*)–ਅੱਜ ਦੀਆਂ ਔਰਤਾਂ ਆਪਣੇ ਪਤੀਆਂ ਨੂੰ ਮੁੱਠ ਵਿੱਚ ਕਰਨਾ ਚਾਹੁੰਦੀਆਂ ਹਨ।

**ਮੱਖੀ ਨਿਗਲਣੀ** (*ਜਾਣ ਬੁੱਝ ਕੇ ਬਰਦਾਸ਼ਤ ਕਰ ਜਾਣਾ*)–ਅੱਖੀਂ ਵੇਖ ਕੇ ਮੱਖੀ ਨਿਗਲਣਾ ਬਹੁਤ ਔਖਾ ਹੈ।

**ਰਗ-ਰਗ ਤੋਂ ਜਾਣੂ ਹੋਣਾ** (*ਪੂਰੀ ਤਰ੍ਹਾਂ ਜਾਣੂ ਹੋਣਾ*)–ਮੈਂ ਕਰਮ ਸਿੰਘ ਦੀ ਰਗ-ਰਗ ਤੋਂ ਜਾਣੂ ਹਾਂ, ਉਹ ਪੱਕਾ ਨੌਸਰਬਾਜ਼ ਹੈ।

**ਰਾਈ ਦਾ ਪਹਾੜ ਬਣਾਉਣਾ** (*ਗੱਲ ਵਧਾ ਕੇ ਦੱਸਣਾ*)–ਅਮਰਜੀਤ ਦੀ ਆਦਤ ਹੈ ਕਿ ਉਹ ਹਰ ਗੱਲ ਨੂੰ ਰਾਈ ਦਾ ਪਹਾੜ ਬਣਾ ਕੇ ਦੱਸ ਹੈ।

**ਰੰਗ ਵਿੱਚ ਭੰਗ ਪਾਉਣਾ** (*ਖ਼ੁਸ਼ੀ ਵਿੱਚ ਵਿਘਨ ਪਾਉਣਾ*)–ਵਿਆਹ ਵਿੱਚ ਬਰਾਤੀਆਂ ਨੇ ਲੜਾਈ-ਝਗੜਾ ਕਰ ਕੇ ਰੰਗ ਵਿੱਚ ਭੰਗ ਪਾ ਦਿੱਤਾ

**ਰਾਹ ਤੱਕਣੀ** (*ਉਡੀਕ ਕਰਨੀ*)–ਭੈਣਾਂ ਰੱਖੜੀ ਵਾਲੇ ਦਿਨ ਵੀਰਾਂ ਦੀ ਰਾਹ ਤੱਕਦੀਆਂ ਹਨ।

**ਰਾਹ ਦਾ ਕੰਡਾ ਕੱਢਣਾ** (*ਵਿਰੋਧੀ ਨੂੰ ਪਰ੍ਹੇ ਕਰਨਾ*)–ਨੇਤਾ ਆਪਣੇ ਰਾਹ ਦਾ ਕੰਡਾ ਕੱਢਣ ਵਾਸਤੇ ਹਰ ਤਰ੍ਹਾਂ ਦੇ ਤਰੀਕੇ ਵਰਤਦੇ ਹਨ।

**ਰਾਤ ਦਿਨ ਇੱਕ ਕਰ ਛੱਡਣਾ** (*ਹਰ ਵੇਲੇ ਕੰਮ ਵਿੱਚ ਜੁਟੇ ਰਹਿਣਾ*)–ਇਮਤਿਹਾਨ ਵਿੱਚ ਪਹਿਲੇ ਦਰਜੇ ਤੇ ਆਉਣ ਲਈ ਰਾਧਾ ਨੇ ਦਿਨ ਰਾ ਇੱਕ ਕਰ ਦਿੱਤਾ।

**ਰੁਗ ਭਰਿਆ ਜਾਣਾ** (*ਦਿਲ ਨੂੰ ਭਾਰੀ ਸੱਟ ਵੱਜਣੀ*)–ਪੇਪਰਾਂ ਵਿੱਚ ਫੇਲ੍ਹ ਹੋਣ ਦੀ ਖ਼ਬਰ ਨੇ ਅਜਿਹਾ ਅਸਰ ਕੀਤਾ ਕਿ ਜਿਵੇਂ ਉਸਦਾ ਰੁ ਭਰਿਆ ਗਿਆ।

**ਰੌਂਗਟੇ ਖੜ੍ਹੇ ਹੋ ਜਾਣੇ** (*ਘਬਰਾ ਜਾਣਾ*)–ਸੱਪ ਨੂੰ ਆਪਣੇ ਸਾਹਮਣੇ ਵੇਖ ਕੇ ਮੇਰੇ ਤਾਂ ਰੌਂਗਟੇ ਖੜ੍ਹੇ ਹੋ ਗਏ।

**ਰੰਗ ਬੰਨ੍ਹਣਾ** (*ਰੌਣਕ ਲਾਉਣੀ*)–ਸੁਸ਼ੀਲ ਦੇ ਵਿਆਹ ਵਿੱਚ ਮੇਰੀ ਮਾਮੀ ਜੀ ਨੇ ਚੰਗਾ ਰੰਗ ਬੰਨ੍ਹਿਆ ਸੀ।

**ਰਾਹ ਤੱਕਣਾ** (*ਉਡੀਕ ਕਰਨੀ*)–ਰੇਨੂੰ ਬਜ਼ਾਰ ਜਾਣ ਲਈ ਸਾਹਿਬਾ ਦੀ ਰਾਹ ਤੱਕ ਰਹੀ ਸੀ।

**ਰੰਗ ਉੱਡਣਾ** (*ਸਹਿਮ ਜਾਣਾ*)–ਪੇਪਰ ਵਿੱਚ ਘੱਟ ਨੰਬਰ ਵੇਖ ਕੇ ਮੇਰਾ ਤਾਂ ਰੰਗ ਹੀ ਉੱਡ ਗਿਆ।

Class-10
Topic- ਮੁਹਾਵਰੇ

Teacher- Ramandeep Kaur
(Revision):-

ਲਾਲ ਪੀਲਾ ਹੋਣਾ (*ਗੁੱਸੇ ਹੋਣਾ*)–ਜਦੋਂ ਸੋਮੇ ਨੇ ਕਾਲੇ ਨੂੰ ਐਵੇਂ ਗਾਲ੍ਹਾਂ ਕੱਢਣੀਆਂ ਸ਼ੁਰੂ ਕੀਤੀਆਂ ਤਾਂ ਉਹ ਲਾਲ ਪੀਲਾ ਹੋ ਗਿਆ।

ਲੋਹਾ ਮੰਨਣਾ (*ਯੋਗਤਾ ਦਾ ਪ੍ਰਭਾਵ ਪੈਣਾ*)–ਮਹਾਰਾਜਾ ਰਣਜੀਤ ਸਿੰਘ ਦਾ ਸਾਰੇ ਸ਼ਾਸਕ ਲੋਹਾ ਮੰਨਦੇ ਸਨ।

ਲਹੂ ਉਬਲਣਾ (*ਜੋਸ਼ ਆਉਣਾ*)–ਦੇਸ਼ ਭਗਤੀ ਦੇ ਗੀਤਾਂ ਨੂੰ ਸੁਣ ਕੇ ਨੌਜਵਾਨਾਂ ਦਾ ਲਹੂ ਉਬਲਣ ਲੱਗਾ।

ਲਹੂ ਦੇ ਘੁੱਟ ਭਰਨਾ (*ਦੁੱਖ ਨੂੰ ਅੰਦਰੋ-ਅੰਦਰ ਜ਼ਰ ਲੈਣਾ*)–ਜਦ ਰਾਜਾ ਸ਼ੇਰ ਸਿੰਘ ਨੇ ਰਾਣੀ ਚੰਦ ਕੌਰ ਨੂੰ ਕੈਦ ਕਰ ਲਿਆ ਤੇ ਰਾਣੀ ਲਹੂ ਦਾ ਘੁੱਟ ਪੀ ਕੇ ਰਹਿ ਗਈ।

ਲਹੂ ਪਸੀਨਾ ਇੱਕ ਕਰਨਾ (*ਬੜੀ ਮਿਹਨਤ ਕਰਨਾ*)–ਕਿਸਾਨ ਲਹੂ ਪਸੀਨਾ ਇੱਕ ਕਰਕੇ ਸਾਡੇ ਵਾਸਤੇ ਅੰਨ ਪੈਦਾ ਕਰਦਾ ਹੈ। *[ICSE - 2018]*

ਲੀਕ ਪੈਣਾ (*ਰਿਵਾਜ਼ ਪੈ ਜਾਣਾ*)–ਅੱਜ-ਕੱਲ੍ਹ ਅਮੀਰਾਂ ਨੇ ਆਪਣੀਆਂ ਕੁੜੀਆਂ ਦੇ ਵਿਆਹ ਵਿੱਚ ਕਾਰਾਂ ਦੇ ਕੇ ਸਮਾਜ ਵਿੱਚ ਨਵੀਂ ਲੀਕ ਪਾ ਦਿੱਤੀ ਹੈ।

ਲੋਹਾ-ਲਾਖਾ ਹੋਣਾ (*ਬਹੁਤ ਗੁੱਸੇ ਵਿੱਚ ਆਉਣਾ*)–ਮੇਰੀਆਂ ਸੱਚੀਆਂ ਗੱਲਾਂ ਸੁਣ ਕੇ ਮਹੇਸ਼ ਲੋਹਾ ਲਾਖਾ ਹੋ ਗਿਆ।

## ਅਭਿਆਸ ਲਈ ਕੁਝ ਮੁਹਾਵਰੇ

ਸਿਆਪੇ ਦੀ ਜੜ੍ਹ (*ਫਸਾਦ ਦੀ ਜੜ੍ਹ*)।
ਆਟੇ ਦਾ ਦੀਵਾ (*ਕਮਜ਼ੋਰ ਆਦਮੀ*)।
ਉਰਾਂ-ਪੁਰਾਂ (*ਟਾਲ-ਮਟੋਲ ਕਰਨੀ*)।
ਹੱਥ-ਕੰਡੇ ਅਪਣਾਉਣਾ (*ਹੇਰਾ-ਫੇਰੀ*)।
ਹੱਥਾਂ ਦੀ ਮੈਲ (*ਮਾਮੂਲੀ ਚੀਜ਼*)।
ਠਾਠ-ਬਾਠ (*ਸ਼ਾਨੋ ਸ਼ੌਕਤ*)।
ਕਾਠ ਦੀ ਹਾਂਡੀ (*ਧੋਖਾ ਦੇਣ ਵਾਲੀ ਚੀਜ਼*)।
ਗਿਆ ਗੁਜ਼ਰਿਆ (*ਨਿਕੰਮਾ*)।
ਘਰ ਦਾ ਚਿਰਾਗ਼ (*ਰੌਣਕ*)।
ਟੱਕੇ ਚਾਲ (*ਸੁਸਤ ਚਾਲ*)।

11. ਬੇੜਾ ਗ਼ਰਕ ਹੋਣਾ (*ਤਬਾਹ ਹੋਣਾ*)।
12. ਨਜ਼ਰ ਕਰਨਾ (*ਭੇਟ ਕਰਨਾ*)।
13. ਧੋਤੀ ਢਿੱਲੀ ਹੋਣੀ (*ਡਰਨਾ*)।
14. ਝੜਪ ਲੈਣੀ (*ਟੱਕਰ ਲੈਣੀ*)।
15. ਜਾਗ ਲੱਗਣਾ (*ਵਾਧਾ ਹੋਣਾ*)।
16. ਲੀਕ ਲੱਗਣੀ (*ਬਦਨਾਮੀ ਹੋਣਾ*)।
17. ਰਾਹ ਤੱਕਣਾ (*ਇੰਤਜ਼ਾਰ ਕਰਨਾ*)।
18. ਰੰਗ ਰਲੀਆਂ ਮਨਾਉਣਾ (*ਐਸ਼ ਕਰਨੀ*)।
19. ਲਹੂ ਸੁੱਕਣਾ (*ਚਿੰਤਾ ਕਰਨੀ*)।
20. ਵਰ ਬਹਿਣਾ (*ਕੋਈ ਚੀਜ਼ ਰਾਸ ਆ ਜਾਣੀ*)।

ਵਿਦਿਆਰਥੀ ਵਿਚਾਰ ਗਏ ਸਾਰੇ ਮੁਹਾਵਰਿਆਂ ਦਾ ਅਭਿਆਸ ਕਰਨਗੇ।
ਧੰਨਵਾਦ

(Last page)